**ਵਿਸ਼ਾ : ਫਲੈਗਸ਼ਿਪ ਪ੍ਰੋਗਰਾਮ ਸਮੇਤ ਭਾਰਤ ਨਿਰਮਾਣ ਪ੍ਰੋਗਰਾਮ ਅਤੇ ਹੋਰ ਮਹੱਤਵਪੂਰਣ ਪ੍ਰੋਗਰਾਮਾਂ ਦਾ ਮਿਤੀ 20/11/2008 ਨੂੰ ਮੁੱਖ ਸਕੱਤਰ ਵਲੋ ਕੀਤੀ ਗਈ ਰੀਵਿਊ ਮੀਟਿੰਗ ਸਬੰਧੀ।**

ਫਲੈਗਸ਼ਿਪ ਪ੍ਰੋਗਰਾਮ ਅਤੇ ਹੋਰ ਮਹੱਤਵਪੂਰਣ ਪ੍ਰੋਗਰਾਮਾਂ ਅਧੀਨ ਸਾਲ 2008-09 ਦੋਰਾਨ ਹੁਣ ਤੱਕ ਕੀਤੀ ਗਈ ਪ੍ਰਗਤੀ ਦਾ ਰੀਵਿਊ ਕਰਨ ਲਈ ਮਿਤੀ 20/11/2008 ਨੂੰ ਮੁੱਖ ਸਕੱਤਰ ਪੰਜਾਬ ਦੀ ਪ੍ਰਧਾਨਗੀ ਹੇਠ ਸਬੰਧਤ ਪ੍ਰਬੰਧਕੀ ਸਕੱਤਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੇ ਸੁਰੂ ਵਿੱਚ ਮੁੱਖ ਸਕੱਤਰ ਨੇ ਪ੍ਰਬੰਧਕੀ ਸਕੱਤਰਾਂ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਇਨ੍ਹਾ ਪ੍ਰੋਗਰਾਮਾਂ ਦਾ ਦੁਬਾਰਾ ਰੀਵਿਊ 10-15 ਦਿਨਾਂ ਵਿੱਚ ਕੀਤਾ ਜਾਵੇਗਾ ਇਸ ਲਈ ਇਨ੍ਹਾ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿੱਚ ਆ ਰਹੀਆਂ ਵਿੱਤੀ ਅਤੇ ਭੋਤਿਕ ਪ੍ਰਾਪਤੀ ਸਬੰਧੀ ਮੁਸ਼ਕਲਾਂ ਦਾ ਵਿਭਾਗੀ ਤੌਰ ਤੇ ਚੰਗੀ ਤਰਾਂ ਅਧਿਐਨ ਕਰ ਲਿਆ ਜਾਵੇ ਤਾਂ ਜੋ ਭਾਰਤ ਸਰਕਾਰ ਤੋ ਆ ਰਹੀ ਰਾਸ਼ੀ ਦੀ ਸੁਚੱਜੇ ਢੰਗ ਨਾਲ/ ਪੂਰੀ ਤਰਾ ਵਰਤੋ ਕੀਤੀ ਜਾ ਸਕੇ।

(i) ਵਿਭਾਗ/ਸਕੀਮਵਾਰ ਵਿਸਤ੍ਰਿਤ ਜਾਣਕਾਰੀ ਝੰਡੀ ੳ ਤੇ ਰੱਖੀ ਜਾਂਦੀ ਹੈ।

(ii) ਸਕੀਮਵਾਰ ਸਾਲ 2008-09 ਦਾ ਸਾਰ ਝੰਡੀ ਅ ਤੇ ਰੱਖੀ ਜਾਂਦੀ ਹੈ।

(iii) ਮਿਤੀ 20/11/2008 ਨੂੰ ਮੁੱਖ ਸਕੱਤਰ ਜੀ ਵਲੋ ਲਈ ਗਈ ਮੀਟਿੰਗ ਦੀ ਸਕੀਮਵਾਰ ਸੰਖੇਪ ਕਾਰਵਾਈ ਹੇਠ ਲਿਖੇ ਅਨੁਸਾਰ :-

## (1) ਰਾਸ਼ਟਰੀ ਬਾਗਬਾਨੀ ਮਿਸ਼ਨ (ਐਨ.ਐਚ.ਐਮ)

**ਮੁਢਲਾ ਬਕਾਇਆ** : 18.15 ਕਰੋੜ ਰੁਪਏ

(ਰੁਪਏ ਕਰੋੜਾਂ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 77.91 | 13.74 | 91.66 |
| ਪ੍ਰਾਪਤ ਰਾਸ਼ੀ | 0.00 | 0.00 | 0.00 |
| ਖਰਚਾ | 14.25 | 2.52 | 16.77 |

ਵਿੱਤ ਕਮਿਸ਼ਨਰ ਵਿਕਾਸ ਵਲੋ ਮੀਟਿੰਗ ਵਿੱਚ ਦੱਸਿਆ ਗਿਆ ਕਿ ਭਾਰਤ ਸਰਕਾਰ ਤੋ ਚਾਲੂ ਮਾਲੀ ਸਾਲ ਦੋਰਾਨ ਰਾਸ਼ੀ ਪ੍ਰਾਪਤ ਕਰਨ ਲਈ 40.00 ਕਰੋੜ ਰੁਪਏ ਦੀਆਂ ਤਜਵੀਜ਼ਾਂ ਭੇਜੀਆਂ ਜਾ ਚੁੱਕੀਆਂ ਹਨ।

**ਮੌਜੂਦਾ ਸਥਿਤੀ** : ਲੋੜੀਦੀ ਰਾਸ਼ੀ ਨਾ ਮਿਲਣ ਕਰਕੇ ਇਹ ਪ੍ਰਾਜੈਕਟ ਸ਼ਿਡਿਊਲ ਤੋ ਪਿਛੇ ਚੱਲ ਰਿਹਾ ਹੈ ।

## (2) ਰਾਸ਼ਟਰੀ ਕਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ)

**ਮੁਢਲਾ ਬਕਾਇਆ** : 25.35 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 87.52 | 0.00 | 87.52 |
| ਪ੍ਰਾਪਤ ਰਾਸ਼ੀ | 43.76 | 0.00 | 43.76 |
| ਖਰਚਾ | 0.00 | 0.00 | 0.00 |

ਆਰ ਕੇ ਵੀ ਵਾਈ ਯੋਜਨਾ ਖੇਤੀਬਾੜੀ ਅਤੇ ਸਬੰਧਤ ਸੈਕਟਰਜ਼(ਭੂਮੀ ਅਤੇ ਪਾਣੀ ਸੁਰੱਖਿਆ, ਪਸ਼ੂ ਪਾਲਣ, ਡੇਅਰੀ, ਮੱਛੀ ਪਾਲਣ ਆਦਿ) ਵਿੱਚ ਲਾਗੂ ਕੀਤੀ ਜਾ ਰਹੀ ਹੈ।ਸਾਲ 2007-08 ਦੌਰਾਨ ਇਨਾਂ ਵਿਭਾਗਾਂ ਦੇ ਪ੍ਰਾਜੈਕਟਾਂ ਲਈ ਫਰਵਰੀ 2008 ਵਿੱਚ ਜਾਰੀ 34.15 ਕਰੋੜ ਰੁਪਏ ਦੀ ਰਾਸ਼ੀ ਵਿਚੋ 12.60 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਜਾ ਚੁੱਕੀ ਹੈ। ਸਬੰਧਤ ਪ੍ਰਬੰਧਕੀ ਸਕੱਤਰਾਂ ਵਲੋ ਇਸ ਸਕੀਮ ਅਧੀਨ ਘੱਟ ਪ੍ਰਗਤੀ ਦਾ ਕਾਰਨ ਬਿੱਲਾ ਦਾ ਖਜਾਨੇ ਵਿੱਚੋ ਭੁਗਤਾਨ ਨਾ ਹੋਣਾ, ਉਸਾਰੀ ਨਾਲ ਸਬੰਧਤ ਮੱਦਾ ਅਧੀਨ ਪ੍ਰਗਤੀ ਦਾ ਘੱਟ ਹੋਣਾ, ਮੰਡੀ ਬੋਰਡ ਐਕਟ ਵਿੱਚ ਮੰਡੀਆਂ ਸਬੰਧੀ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਸੋਧ ਨਾ ਹੋਣਾ ਆਦਿ ਦਸਿਆ ਗਿਆ ਹੈ। ਸਾਲ 2008-09 ਦੌਰਾਨ ਸ਼ੁਰੂ ਕੀਤੇ ਜਾਣ ਵਾਲੇ ਪ੍ਰਾਜੈਕਟ ਸਕ੍ਰੀਨਿੰਗ ਕਮੇਟੀ ਵਲੋ ਪ੍ਰਵਾਨ ਕੀਤੇ ਜਾ ਚੁੱਕੇ ਹਨ ਅਤੇ ਅਕਤੂਬਰ 2008 ਵਿੱਚ ਭਾਰਤ ਸਰਕਾਰ ਵਲੋ 43.76 ਕਰੋੜ ਰੁਪਏ ਕੀਤੀ ਗਈ ਸੈਕਸ਼ਨ ਰਾਸ਼ੀ ਅਜੇ ਜਾਰੀ ਕੀਤੀ ਜਾਣੀ ਬਾਕੀ ਹੈ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗਾਂ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

## (3) ਅੱਪ-ਗਰੇਡੇਸ਼ਨ ਆਫ ਆਈ ਟੀ ਆਈਜ਼ ਇਨ ਟੂ ਸੈਨਟਰਜ਼ ਆਫ ਐਕਸੀਲੈਂਸ(75:25)

**ਮੁਢਲਾ ਬਕਾਇਆ** : 0.00 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 39.90 | 13.30 | 53.20 |
| ਪ੍ਰਾਪਤ ਰਾਸ਼ੀ | 6.71 | 0.28 | 6.99 |
| ਖਰਚਾ | 0.84 | 0.28 | 1.12 |

11ਵੀ ਪੰਜ ਸਾਲਾ ਯੋਜਨਾ ਦੌਰਾਨ 35 ਆਈ ਟੀ ਆਈਜ਼ ਨੂੰ ਉਚੀ ਮਿਆਰ ਦੇ ਕੇਦਰਾਂ ਵਿੱਚ ਬਦਲਣ ਦੇ ਟੀਚੇ ਵਿਰੁੱਧ 30 ਆਈ ਟੀ ਆਈਜ਼ ਵਿੱਚ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ ਅਤੇ ਬਕਾਇਆ 5 ਆਈ ਟੀ ਆਈਜ਼ ਦੀ ਪ੍ਰਵਾਨਗੀ ਲਈ ਭਾਰਤ ਸਰਕਾਰ ਨੂੰ ਪਹੁੰਚ ਕੀਤੀ ਜਾ ਚੁੱਕੀ ਹੈ। ਚਾਲੂ ਮਾਲੀ ਸਾਲ ਦੌਰਾਨ ਜਾਰੀ ਕੀਤੀ ਗਈ ਰਾਸ਼ੀ

ਦੇ ਵਿਰੁੱਧ ਯੁਟੇਲਾਈਜੇਸਨ਼ ਘੱਟ ਹੋ਼ਣ ਦਾ ਕਾਰਨ ਲੋਕ ਨਿਰਮਾਣ ਵਿਭਾਗ ਵਲੋ ਕੀਤੇ ਜਾ ਰਹੇ ਸਿਵਲ ਕੰਮਾਂ ਦੀ ਰਫਤਾਰ ਹੋਲੀ (slow) ਹੋਣਾ ਦਸਿਆ ਗਿਆ ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

## (4) ਰਾਸ਼ਟਰੀ ਪੇਡੂ ਰੋਜਗਾਰ ਗਰੰਟੀ ਸਕੀਮ (ਨਰੇਗਾ)

**ਮੁਢਲਾ ਬਕਾਇਆ** : 7.03 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 270.00 | 30.00 | 300.00 |
| ਪ੍ਰਾਪਤ ਰਾਸ਼ੀ | 49.34 | 0.00 | 49.34 |
| ਖਰਚਾ | 15.89 | 0.00 | 15.89 |

ਵਿੱਤ ਕਮਿਸ਼ਨਰ ਵਿਕਾਸ ਵਲੋ ਮੀਟਿੰਗ ਵਿੱਚ ਦਸਿਆ ਗਿਆ ਕਿ ਨਰੇਗਾ ਸਕੀਮ ਅਧੀਨ ਕੰਮ ਚੱਲ ਰਿਹਾ ਹੈ ਅਤੇ ਅਮ੍ਰਿੰਤਸਰ ਜਿਲ੍ਹੇ ਦੀ ਪ੍ਰਗਤੀ ਬਹੁਤ ਅੱਛੀ ਹੈ । ਮੁੱਖ ਸਕੱਤਰ ਵਲੋ ਸਾਰੇ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਕਰਵਾਉਣ ਲਈ ਕਿਹਾ ਗਿਆ ਤਾਂ ਜੋ ਅਮ੍ਰਿਤਸਰ ਜਿਲ੍ਹੇ ਵਲੋ ਕੀਤੀ ਜਾ ਰਹੀ ਪ੍ਰਗਤੀ ਦਾ ਸਾਰੇ ਜਿਲ੍ਹਿਆ ਵਿੱਚ ਲਾਭ ਪ੍ਰਾਪਤ ਕੀਤਾ ਜਾ ਸਕੇ। ਰਾਜ ਦੇ ਹਿੱਸੇ ਵਜੋ ਰਾਸ਼ੀ ਜਾਰੀ ਨਾ ਹੋਣ ਦੇ ਸਬੰਧ ਵਿੱਚ ਪ੍ਰਮੁੱਖ ਸਕੱਤਰ ਵਿੱਤ ਨੇ ਮੀਟਿੰਗ ਵਿੱਚ ਦੱਸਿਆ ਹੈ ਕਿ ਇੱਕ ਹਫਤੇ ਦੇ ਅੰਦਰ-2 ਇਸ ਸਬੰਧੀ ਸਾਰੇ ਪ੍ਰਬੰਧਕੀ ਸਕੱਤਰਾਂ ਨਾਲ ਮੀਟਿੰਗ ਕੀਤੀ ਜਾ ਰਹੀ ਹੈ ਅਤੇ ਇਹਨਾਂ ਮੀਟਿੰਗਾ ਇਸ ਦਾ ਸ਼ਿਡਿਉਲ ਵੀ ਜਾਰੀ ਕੀਤਾ ਜਾ ਚੁੱਕਾ ਹੈ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

## (5) ਇੰਦਰਾ ਆਵਾਸ ਯੋਜਨਾ (ਆਈ ਏ ਵਾਈ)

**ਮੁਢਲਾ ਬਕਾਇਆ** : 3.09 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 42.95 | 14.32 | 57.27 |
| ਪ੍ਰਾਪਤ ਰਾਸ਼ੀ | 23.54 | 7.58 | 31.12 |
| ਖਰਚਾ | 8.63 | 2.87 | 11.50 |

**ਮੌਜੂਦਾ ਸਥਿਤੀ** : ਪ੍ਰਗਤੀ ਤਸੱਲੀਬਖਸ਼ ਪਾਈ ਗਈ ।

## (6) ਜਵਾਹਰ ਲਾਲ ਨਹਿਰੂ ਰਾਸ਼ਟਰੀ ਨਵੀਨੀਕਰਨ ਮਿਸ਼ਨ(ਨੁਰਮ)

**ਮੁਢਲਾ ਬਕਾਇਆ** : 25.90 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 275.00 | 68.73 | 343.73 |
| ਪ੍ਰਾਪਤ ਰਾਸ਼ੀ | 48.86 | 16.95 | 65.81 |

ਅਮ੍ਰਿੰਤਸਰ ਵਿਖੇ ਵਾਟਰ ਸਪਲਾਈ ਪ੍ਰਾਜੈਕਟ ਅਤੇ ਐਲੀਵੇਟਿੱਡ ਸੜਕ ਪ੍ਰਾਜੈਕਟ ਅਧੀਨ ਕੰਮ ਚੱਲ ਰਿਹਾ ਹੈ ਅਤੇ ਇਨਾਂ ਪ੍ਰਾਜੈਕਟਾ ਤੇ ਕ੍ਰਮਵਾਰ ਹੁਣ ਤੱਕ 11.84 ਕਰੋੜ ਰੁਪਏ ਅਤੇ 104.00 ਕਰੋੜ ਰੁਪਏ ਦਾ ਖਰਚਾ ਕੀਤਾ ਜਾ ਚੁੱਕਾ ਹੈ । ਵਿੱਤੀ ਅਤੇ ਭੋਤਿਕ ਪ੍ਰਗਤੀ ਤਸਲੀਬਖਸ਼ ਹੈ। ਪ੍ਰਮੁੱਖ ਸਕੱਤਰ ਸਥਾਨਕ ਸਰਕਾਰਾਂ ਵਲੋ ਮੀਟਿੰਗ ਵਿੱਚ ਦੱਸਿਆ ਗਿਆ ਕਿ ਜਵਾਹਰ ਲਾਲ ਨਹਿਰੂ ਰਾਸ਼ਟਰੀ ਨਵੀਨੀਕਰਨ ਮਿਸ਼ਨ ਅਧੀਨ ਸਾਰਾ ਕੰਮ ਟੈਡਰਿੰਗ ਪ੍ਰੋਸੈਸ ਵਿੱਚ ਹੈ ਇਸ ਲਈ ਆਉਣ ਵਾਲੇ ਦੋ ਮਹੀਨਿਆ ਵਿੱਚ ਪ੍ਰਗਤੀ ਠੀਕ ਕਰ ਲਈ ਜਾਵੇਗੀ। ਇਸ ਤੇ ਮੁੱਖ ਸਕੱਤਰ ਵਲੋ ਕੰਮ ਵਿੱਚ ਤੇਜੀ ਲਿਆਉਣ ਲਈ ਕਿਹਾ ਗਿਆ ਤਾਂ ਜੋ ਭਾਰਤ ਸਰਕਾਰ ਵਲੋ ਨੁਰਮ ਅਧੀਨ ਜਾਰੀ ਕੀਤੀ ਜਾ ਰਹੀ ਵੱਡੀ ਰਾਸ਼ੀ ਵੱਧ ਤੋ ਵੱਧ ਪ੍ਰਾਪਤ ਕੀਤੀ ਜਾ ਸਕੇ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

## (7) ਇਨਟੇਗਰੇਟਿਡ ਲੋ ਕਾਸਟ ਸੈਨੀਟੇਸ਼ਨ ਪ੍ਰੋਗਰਾਮ (75:15:10)

ਇਨਟੇਗਰੇਟਿਡ ਲੋ ਕਾਸਟ ਸੈਨੀਟੇਸ਼ਨ ਪ੍ਰੋਗਰਾਮ ਸਲਾਨਾ ਯੋਜਨਾ 2008-09 ਵਿੱਚ ਟੋਕਨ ਪ੍ਰੋਵੀਜ਼ਨ ਕਰਕੇ ਸ਼ਾਮਿਲ ਕੀਤਾ ਜਾ ਚੁੱਕਾ ਹੈ ਪ੍ਰੰਤੂ ਇਹ ਪ੍ਰਾਜੈਕਟ ਅਜੇ ਭਾਰਤ ਸਰਕਾਰ ਵਲੋ ਪ੍ਰਵਾਨ ਕੀਤਾ ਜਾਣ ਬਾਕੀ ਹੈ । ਮੀਟਿੰਗ ਦੌਰਾਨ ਮੁੱਖ ਸਕੱਤਰ ਵਲੋ ਪ੍ਰਮੁੱਖ ਸਕੱਤਰ ਸਥਾਨਕ ਸਰਕਾਰਾਂ ਨੂੰ ਇਹ ਪ੍ਰਾਜੈਕਟ ਸੈਕਸ਼ਨ ਕਰਵਾਉਣ ਲਈ ਭਾਰਤ ਸਰਕਾਰ ਨਾਲ ਤਾਲਮੇਲ ਕਰਨ ਲਈ ਕਿਹਾ ਗਿਆ ਹੈ।

**ਮੌਜੂਦਾ ਸਥਿਤੀ** : ਪ੍ਰਾਜੈਕਟ ਸ਼ੁਰੂ ਨਹੀ ਹੋਇਆ।

## (8) ਰਾਜੀਵ ਗਾਂਧੀ ਗ੍ਰਾਮੀਣ ਵਿਦੁੱਤੀਕਰਣ ਯੋਜਨਾ(ਆਰ ਜੀ ਜੀ ਵੀ ਵਾਈ)

**ਮੁਢਲਾ ਬਕਾਇਆ** : 0.00 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 165.52 | 18.39 | 183.91 |
| ਪ੍ਰਾਪਤ ਰਾਸ਼ੀ | 41.37 | 5.51 | 46.48 |

ਪ੍ਰਮੁੱਖ ਸਕੱਤਰ ਸ਼ਕਤੀ ਵਲੋ ਮੀਟਿੰਗ ਵਿੱਚ ਦਸਿਆ ਗਿਆ ਕਿ ਪੇਡੂ ਬਿਜਲੀਕਰਣ ਕਾਰਪੋਰੇਸ਼ਨ ਨੇ ਰਾਜ ਦੀ 183.91 ਕਰੋੜ ਰੁਪਏ ਦੀ ਸੋਧੀ ਹੋਈ ਰਾਸ਼ੀ ਪ੍ਰਵਾਨ ਕਰਕੇ ਚਾਲੂ ਮਾਲੀ ਸਾਲ ਦੌਰਾਨ 41.37 ਕਰੋੜ ਰੁਪਏ ਦੀ ਰਾਸ਼ੀ ਮਿਤੀ 8/10/2008 ਜਾਰੀ ਕਰ ਦਿੱਤੀ ਹੈ। ਇਹ ਵੀ ਦਸਿਆ ਗਿਆ ਕਿ ਇਹ ਕੰਮ ਮੈਸਰਜ ਕੇ ਐਲ ਜੀ ਸਿਸਟਲ ਲਿਮਿਟਿਡ, ਗੁੜਗਾਂਓ ਨੂੰ ਅਲਾਟ ਕਰ ਦਿੱਤਾ ਗਿਆ ਹੈ ਅਤੇ ਬਹੁਤ ਜਲਦੀ ਸੁਰੂ ਕੀਤਾ ਜਾ ਰਿਹਾ ਹੈ । ਇਹ ਪ੍ਰਾਜੈਕਟ 30/6/2010 ਤੱਕ ਪੂਰਾ ਕਰ ਲਿਆ ਜਾਵੇਗਾ।

**ਮੌਜੂਦਾ ਸਥਿਤੀ** : ਪ੍ਰਾਜੈਕਟ ਜਲਦੀ ਸੁਰੂ ਕੀਤਾ ਜਾ ਰਿਹਾ ਹੈ।

## (9) ਐਕਸਲਰੇਟਿਡ ਪਾਵਰ ਵਿਕਾਸ ਰਿਫਾਰਮਜ਼ ਪ੍ਰੋਗਰਾਮ (ਏ ਪੀ ਡੀ ਆਰ ਪੀ)

**ਮੁਢਲਾ ਬਕਾਇਆ** : 23.93 ਕਰੋੜ ਰੁਪਏ (2006-07)

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 65.59 | 65.59 | 131.18 |
| ਪ੍ਰਾਪਤ ਰਾਸ਼ੀ | 0.00 | 0.00 | 0.00 |
| ਖਰਚਾ | 0.00 | 0.00 | 14.43 (REC Loan) |

ਪ੍ਰਮੁੱਖ ਸਕੱਤਰ ਸ਼ਕਤੀ ਵਲੋ ਮੀਟਿੰਗ ਵਿੱਚ ਭਾਰਤ ਸਰਕਾਰ ਵਲੋ ਨਾ ਰਾਸ਼ੀ ਜਾਰੀ ਕਰਨ ਦਾ ਕਾਰਨ ਰਾਜ ਸਰਕਾਰ ਵਲੋ ਬਿਜਲੀ ਬੋਰਡ ਵਿੱਚ ਰਿਫਾਰਮਜ਼ ਵਿੱਚ ਘੱਟ ਪ੍ਰਗਤੀ ਦਾ ਕਾਰਨ ਦਸਿਆ ਗਿਆ । ਪ੍ਰਮੁੱਖ ਸਕੱਤਰ ਸ਼ਕਤੀ ਨੇ ਇਹ ਵੀ ਦਸਿਆ ਕਿ ਭਾਰਤ ਸਰਕਾਰ ਵਲੋ ਇਸ ਸਕੀਮ ਨੂੰ 11ਵੀ ਪੰਜ ਸਾਲਾ ਯੋਜਨਾ ਵਿੱਚ ਇਸ ਸਕੀਮ ਨੂੰ ਨਵਾ ਰੂਪ ਦੇ ਕੇ ਏ ਪੀ ਡੀ ਆਰ ਪੀ-।। ਵਜੋ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ । ਹੁਣ ਇਸ ਸਕੀਮ ਨੂੰ 30,000 ਜਾਂ ਇਸ ਤੋ ਵੱਧ ਜਨਸੰਖਿਆ ਵਾਲੇ ਸਹਿਰਾਂ ਵਿੱਚ ਲਾਗੂ ਕੀਤਾ ਜਾਣਾ ਹੈ। ਚਾਲੂ ਮਾਲੀ ਸਾਲ ਲਈ 40.00 ਕਰੋੜ ਰੁਪਏ ਦੇ ਪ੍ਰਾਜੈਕਟ ਇਸ ਸਕੀਮ ਅਧੀਨ ਆਰ ਈ ਸੀ/ਭਾਰਤ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ।

**ਮੌਜੂਦਾ ਸਥਿਤੀ** : ਭਾਰਤ ਸਰਕਾਰ ਤੋ ਅਗਵਾਹੀ ਲੀਹਾਂ/ਰਾਸ਼ੀ ਪ੍ਰਾਪਤ ਹੋਣ ਤੇ ਕੰਮ ਸੁਰੂ ਕਰ ਦਿੱਤਾ ਜਾਵੇਗਾ ।

## (10) ਐਕਸਲਰੇਟਿਡ ਇਰੀਗੇਸ਼ਨ ਬੈਨੀਫਿਟ ਪ੍ਰੋਗਰਾਮ (ਏ ਆਈ ਬੀ ਪੀ)

**ਮੁਢਲਾ ਬਕਾਇਆ** : 5.39 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 99.05 | 99.05 | 198.10 |
| ਪ੍ਰਾਪਤ ਰਾਸ਼ੀ | 0.00 | 4.00 | 4.00 |
| ਖਰਚਾ | 5.39 | 5.54 | 10.93 |

ਪ੍ਰਮੁੱਖ ਸਕੱਤਰ ਸਿੰਚਾਈ ਵਲੋ ਮੀਟਿੰਗ ਵਿੱਚ ਦਸਿਆ ਗਿਆ ਕਿ ਏ ਆਈ ਬੀ ਪੀ ਅਧੀਨ ਭਾਰਤ ਸਰਕਾਰ ਵਲੋ ਰਾਜ ਦੀ ਇੱਕ ਪ੍ਰਾਜੈਕਟ ਦੇ ਬਦਲੇ ਇੱਕ ਪ੍ਰਾਜੈਕਟ ਦੀ ਕੰਡੀਸ਼ਨ ਨਾ ਖਤਮ ਕਰਨ ਕਰਕੇ ਅਤੇ ਰਾਜ ਸਰਕਾਰ ਵਲੋ ਲੋੜੀਦੀ ਰਾਜ ਦੇ ਹਿੱਸੇ ਦੀ ਰਾਸ਼ੀ ਜਾਰੀ ਨਾ ਕਰਨ ਕਰਕੇ ਕੇਦਰੀ ਸਹਾਇਤਾ ਨਾ/ਘੱਟ ਪ੍ਰਾਪਤ ਹੋਈ ਹੈ।ਇਸ ਸਬੰਧੀ ਭਾਰਤ ਸਰਕਾਰ ਨਾਲ ਪੱਤਰ ਵਿਵਹਾਰ ਕੀਤਾ ਜਾ ਰਿਹਾ ਹੈ ਜਲਦੀ ਹੀ ਪ੍ਰਗਤੀ ਠੀਕ ਕੀਤੇ ਜਾਣ ਦੀ ਸੰਭਾਵਨਾ ਹੈ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

## (11) ਮਿੱਡ ਡੇ ਮੀਲ ਸਕੀਮ (ਐਮ ਡੀ ਐਮ)

**ਮੁਢਲਾ ਬਕਾਇਆ** : 10.92 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 91.81 | 23.86 | 115.67 |
| ਪ੍ਰਾਪਤ ਰਾਸ਼ੀ | 21.88 | 5.97 | 27.85 |
| ਖਰਚਾ | 28.56 | 4.52 | 33.08 |

ਸਕੱਤਰ ਸਕੂਲ ਸਿੱਖਿਆ ਵਲੋ ਮੀਟਿੰਗ ਵਿੱਚ ਦੱਸਿਆ ਗਿਆ ਕਿ ਐਮ ਡੀ ਐਮ ਸਕੀਮ ਵਿੱਚ ਪਿਛਲੇ ਸਾਲਾਂ (2004 ਤੋ 2006) ਦੌਰਾਨ ਰਾਜ ਦੇ ਹਿੱਸੇ ਦੀ ਰਾਸ਼ੀ ਨਾ/ ਘੱਟ ਜਾਰੀ ਕਰਨ ਕਰਕੇ ਪ੍ਰਗਤੀ ਘੱਟ ਰਹੀ ਹੈ ਪ੍ਰੰਤੂ ਹੁਣ ਇਹ ਪ੍ਰੋਗਰਾਮ ਠੀਕ ਚਲ ਰਿਹਾ ਹੈ ਅਤੇ 31/3/2009 ਤੱਕ ਭਾਰਤ ਸਰਕਾਰ ਵਲੋ ਜਾਰੀ ਕੀਤੀ ਗਈ ਕੁੱਲ ਰਾਸ਼ੀ ਖਰਚ ਕਰ ਲਈ ਜਾਵੇਗੀ।

**ਮੌਜੂਦਾ ਸਥਿਤੀ** : ਪ੍ਰਗਤੀ ਤਸੱਲੀਬਖਸ਼ ਪਾਈ ਗਈ।

## (12) ਸਰਵ ਸਿਖਿਆ ਅਭਿਆਨ (ਐਸ ਐਸ ਏ)

**ਮੁਢਲਾ ਬਕਾਇਆ** : 22.42 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 107.95 | 86.67 | 247.62 |
| ਪ੍ਰਾਪਤ ਰਾਸ਼ੀ | 57.51 | 42.66 | 100.17 |
| ਖਰਚਾ | 101.40 | 54.60 | 156.00 |

ਸਕੱਤਰ ਸਕੂਲ ਸਿਖਿਆ ਵਲੋ ਮੀਟਿੰਗ ਵਿੱਚ ਦਸਿਆ ਗਿਆ ਕਿ ਐਸ ਐਸ ਏ ਸਕੀਮ ਅਧੀਨ ਹੁਣ ਤੱਕ ਖਰਚਾ 156.00 ਕਰੋੜ ਰੁਪਏ ਕਰ ਲਿਆ ਗਿਆ ਹੈ । ਜਿਸ ਦੀ ਸਾਲ 2008-09 ਲਈ ਕੁੱਲ ਉਪਬੰਧਤ ਰਾਸ਼ੀ ਨਾਲ ਪ੍ਰਾਪਤੀ 63% ਹੈ ।

**ਮੌਜੂਦਾ ਸਥਿਤੀ** : ਪ੍ਰਗਤੀ ਤਸੱਲੀਬਖਸ਼ ਪਾਈ ਗਈ।

## (13) ਇਫਰਾਸਟਰੈਕਚਰਲ ਵਿਕਾਸ ਆਫ ਪੇਡੂ ਸਕੂਲਜ਼ (RIDF-XIII)(85:15)

**ਮੁਢਲਾ ਬਕਾਇਆ** : 0.00 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਨਾਬਾਰਡ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 0.00 | 0.00 | 0.00 |
| ਪ੍ਰਾਪਤ ਰਾਸ਼ੀ | 36.56 | 8.58 | 45.14 |
| ਖਰਚਾ | 36.56 | 8.58 | 45.14 |

ਸਾਲ 2008-09 ਲਈ ਰਾਸ਼ੀ ਦਾ ਉਪਬੰਧ ਸੋਧੇ ਅਨੁਮਾਨਾਂ ਅਧੀਨ ਕੀਤਾ ਜਾਵੇਗਾ। ਇਸ ਸਕੀਮ ਅਧੀਨ 302 ਸਕੂਲਾਂ ਵਿੱਚ 836 ਵਾਧੂ ਕਲਾਸ ਰੂਮਜ਼ 298 ਹੋਰ ਕਮਰੇ ਅਤੇ 363 ਸਾਇੰਸ ਲਬਾਰਟਰੀਆਂ ਬਣਾਈਆਂ ਜਾ ਚੁੱਕੀਆਂ ਹਨ। 35 ਸਕੂਲਾਂ ਵਿੱਚ ਕੰਮ ਚੱਲ ਰਿਹਾ ਹੈ ਅਤੇ ਬਕਾਇਆ 14 ਸਕੂਲਾਂ ਦੇ ਨਾਮ ਬਦਲਣ ਵਾਸਤੇ ਕੇਸ NABARD ਨੂੰ ਭੇਜਿਆ ਜਾ ਚੁੱਕਾ ਹੈ।

**ਮੌਜੂਦਾ ਸਥਿਤੀ** : ਪ੍ਰਗਤੀ ਤਸੱਲੀਬਖਸ਼ ਪਾਈ ਗਈ।

## (14) ਰਾਜ ਵਿੱਚ ਐਡੂਸੈਟ (EDUSAT) ਪ੍ਰੋਗਰਾਮ ਲਾਗੂ ਕਰਨ ਸਬੰਧੀ (ਏ ਸੀ ਏ)

**ਮੁਢਲਾ ਬਕਾਇਆ** : 8.29 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 3.00 | 7.00 | 10.00 |
| ਪ੍ਰਾਪਤ ਰਾਸ਼ੀ | 0.00 | 0.00 | 0.00 |
| ਖਰਚਾ | 0.00 | 0.00 | 0.00 |

ਐਡੂਸੈਟ ਪ੍ਰੋਗਰਾਮ ਰਾਜ ਵਿੱਚ ਸਾਲ 2005 ਵਿੱਚ ਸ਼ੁਰੂ ਕੀਤਾ ਗਿਆ ਅਤੇ ਇਸ ਮੰਤਵ ਲਈ 2005-06 ਅਤੇ 2006-07 ਦੌਰਾਨ ਕ੍ਰਮਵਾਰ 12.00 ਕਰੋੜ ਰੁਪਏ ਅਤੇ 5.50 ਕਰੋੜ ਰੁਪਏ (ਏ ਸੀ ਏ) ਜਾਰੀ ਕੀਤੇ ਗਏ। ਪਹਿਲੇ ਫੇਜ਼ ਵਿੱਚ ਇੱਕ ਸਟੂਡੀਓ ਅਤੇ ਸਟੇਟ ਹੱਬ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਸਥਾਪਤ ਕੀਤੀ ਗਈ । ਇਸ ਦੇ ਨਾਲ ਹੀ 300 ਸੈਟਲਾਈਟ ਇੰਟਰਐਕਟਿਵ ਟਰਮੀਨਲਜ਼ (SITs) ਰਾਜ ਦੀਆਂ ਵੱਖ-2 ਵਿਦਿੱਅਕ ਸੰਸਥਾਵਾਂ ਵਿੱਚ ਲਗਾਏ ਜਾ ਚੁੱਕੇ ਹਨ। ਇਸ ਪ੍ਰੋਗਰਾਮ ਅਧੀਨ ਹੁਣ ਤੱਕ ਕੁੱਲ 10.51 ਕਰੋੜ ਰੁਪਏ ਦਾ ਖਰਚਾ ਕੀਤਾ ਜਾ ਚੁੱਕਾ ਹੈ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

## (15) ਨੈਸ਼ਨਲ ਰੂਰਲ ਹੈਲਥ ਮਿਸ਼ਨ(ਐਨ ਆਰ ਐਚ ਐਮ)

**ਮੁਢਲਾ ਬਕਾਇਆ** : 36.83 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 199.23 | 30.00 | 229.23 |
| ਪ੍ਰਾਪਤ ਰਾਸ਼ੀ | 52.92 | 0.00 | 52.92 |
| ਖਰਚਾ | 70.89 | 0.00 | 70.89 |

**ਮੌਜੂਦਾ ਸਥਿਤੀ** : ਪ੍ਰਗਤੀ ਤਸੱਲੀਬਖਸ਼ ਪਾਈ ਗਈ।

## (16) ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ(100%) (ਪੀ ਐਮ ਜੀ ਐਸ ਵਾਈ)

**ਮੁਢਲਾ ਬਕਾਇਆ** : 8.04 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 450.00 | 0.00 | 450.00 |
| ਪ੍ਰਾਪਤ ਰਾਸ਼ੀ | 143.43 | 0.00 | 143.43 |
| ਖਰਚਾ | 101.31 | 0.00 | 101.31 |

ਮੁੱਖ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਵਲੋ ਮੀਟਿੰਗ ਵਿੱਚ ਦੱਸਿਆ ਗਿਆ ਕਿ ਪੀ ਐਮ ਜੀ ਐਸ ਵਾਈ ਸਕੀਮ ਅਧੀਨ ਫੇਜ 6 ਅਤੇ 7 ਦੇ ਕੰਮ ਚੱਲ ਰਹੇ ਹਨ। ਜਿਨਾਂ ਦੀ ਪ੍ਰਗਤੀ ਤਸੱਲੀਬਖਸ਼ ਹੈ। ਫੇਜ 8 ਲਈ ਤਜਵੀਜਾਂ ਜਿਸ ਵਿੱਚ 200.00 ਕਰੋੜ ਰੁਪਏ ਦੀਆਂ ਸਰਹੱਦੀ ਖੇਤਰਾਂ ਦੀਆਂ ਸੜਕਾਂ ਵੀ ਸਾਮਲ ਹਨ ਦੀਆਂ ਵਿਸਤ੍ਰਿਤ ਪ੍ਰਾਜੈਕਟ ਰਿਪੋਰਟਾਂ (DPRs) ਤਿਆਰ ਕੀਤੀਆ ਜਾ ਰਹੀਆਂ ਹਨ ਜੋ ਮਿਤੀ 30/11/2008 ਤੱਕ ਐਮ ੳ ਆਰ ਡੀ, ਭਾਰਤ ਸਰਕਾਰ ਨੂੰ ਰਾਸ਼ੀ ਪ੍ਰਾਪਤ ਕਰਨ ਲਈ ਭੇਜ ਦਿੱਤੀਆਂ ਜਾਣਗੀਆ ।

**ਮੌਜੂਦਾ ਸਥਿਤੀ** : ਪ੍ਰਗਤੀ ਤਸੱਲੀਬਖਸ਼ ਪਾਈ ਗਈ।

## (17) ਵਰਲਡ ਬੈਕ ਸਹਾਇਤਾ ਰੋਡ ਇਨਫਰਾਸਟਰੈਕਚਰ ਸਕੀਮ (ਡਬਲਿਯੂ ਬੀ)

**ਮੁਢਲਾ ਬਕਾਇਆ** : 12.02 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਵਿਸਵ ਬੈਕ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 206.00 | 69.00 | 275.00 |
| ਪ੍ਰਾਪਤ ਰਾਸ਼ੀ | 116.00 | 38.00 | 154.00 |
| ਖਰਚਾ | 101.00 | 34.00 | 135.00 |

ਵਿਭਾਗ ਵਲੋ ਹਾਜਰ ਮੁੱਖ ਇੰਜੀਨਅਰ ਨੇ ਮੀਟਿੰਗ ਵਿੱਚ ਦੱਸਿਆ ਕਿ ਇਹ ਪ੍ਰਾਜੈਕਟ ਅਧੀਨ ਸੜਕਾਂ ਦੀ ਸਮੇ-2 ਤੇ ਕੀਤੀ ਜਾਣ ਵਾਲੀ ਮੁਰੰਮਤ ਦੀ ਪ੍ਰਗਤੀ 100% ਹੈ ਅਤੇ ਸੜਕਾਂ ਦੀ ਰੀਹੈਬਲੀਟੇਸ਼ਨ ਅਤੇ ਅੱਪ ਗਰੇਡਸ਼ਨ ਦੇ ਕੰਮਾਂ ਦੀ ਕ੍ਰਮਵਾਰ ਪ੍ਰਗਤੀ 49% ਅਤੇ 37% ਹੈ।

**ਮੌਜੂਦਾ ਸਥਿਤੀ** : ਪ੍ਰਗਤੀ ਤਸੱਲੀਬਖਸ਼ ਪਾਈ ਗਈ।

## (18) ਐਕਸਲਰੇਟਿਡ ਪੇਡੂ ਜਲ ਸਪਲਾਈ ਪ੍ਰੋਗਰਾਮ (ਏ ਆਰ ਡਬਲਿਯੂ ਐਸ ਪੀ)(100%)

**ਮੁਢਲਾ ਬਕਾਇਆ** : 23.42 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 69.25 | 0.00 | 69.25 |
| ਪ੍ਰਾਪਤ ਰਾਸ਼ੀ | 34.62 | 0.00 | 34.62 |
| ਖਰਚਾ | 26.35 | 0.00 | 26.35 |

**ਮੌਜੂਦਾ ਸਥਿਤੀ** : ਪ੍ਰਗਤੀ ਤਸੱਲੀਬਖਸ਼ ਪਾਈ ਗਈ।

## (19) ਟੋਟਲ ਸੈਨੀਟੇਸ਼ਨ ਕੰਮਪੈਨ (ਟੀ ਐਸ ਸੀ)

**ਮੁਢਲਾ ਬਕਾਇਆ** : 0.00 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 16.00 | 1.00 | 17.00 |
| ਪ੍ਰਾਪਤ ਰਾਸ਼ੀ | 2.33 | 4.91 | 7.24 |
| ਖਰਚਾ | 0.07 | 0.00 | 0.07 |

ਸਕੱਤਰ ਪੇਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਨੇ ਮੀਟਿੰਗ ਵਿੱਚ ਦੱਸਿਆ ਕਿ ਭਾਵੇ ਪ੍ਰਗਤੀ ਤਸੱਲੀਬਖਸ਼ ਨਹੀ ਹੈ ਪ੍ਰੰਤੂ ਗੁਰਦਾਸਪੁਰ, ਪਟਿਆਲਾ ਅਤੇ ਫਰੀਦਕੋਟ ਦੇ ਜਿਲਿਆ ਵਿੱਚ 100ਫੀ ਸਦੀ ਟਾਇਲਟਸ ਬਣਾਉਣ ਦਾ ਟਿੱਚੇ ਨੂੰ ਪ੍ਰਾਪਤ ਕਰ ਲਿਆ ਗਿਆ ਹੈ। ਉਨਾਂ ਨੇ ਵਿਸ਼ਵਾਸ ਦਿਵਾਇਆ ਕਿ ਪੇਡੂ ਵਿਕਾਸ ਵਿਭਾਗ ਨਾਲ ਰਲ ਕੇ ਪ੍ਰਗਤੀ ਦੇ ਘਾਟੇ ਨੂੰ ਭਵਿੱਖ ਵਿੱਚ ਪੂਰ ਕਰ ਲੈਣਗੇ।ਇਸ ਸਬੰਧ ਵਿੱਚ ਦੋਹਾ ਵਿਭਾਗਾਂ ਦੀ ਪਹਿਲਾ ਮੀਟਿੰਗ ਵੀ ਹੋ ਚੁੱਕੀ ਹੈ। ਮੁੱਖ ਸਕੱਤਰ ਨੇ ਕੰਮ ਵਿੱਚ ਤੇਜੀ ਲਿਆਉਣ ਲਈ ਕਿਹਾ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

## (20) ਪੰਜਾਬ ਪੇਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰਾਜੈਕਟ (ਵਿਸ਼ਵ ਬੈਕ)

**ਮੁਢਲਾ ਬਕਾਇਆ** : 15.74 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਵਿਸ਼ਵ ਬੈਕ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 106.92 | 25.08 | 132.00 |
| ਪ੍ਰਾਪਤ ਰਾਸ਼ੀ | 15.74 | 0.00 | 15.74 |
| ਖਰਚਾ | 9.34 | 0.00 | 9.34 |

ਸਕੱਤਰ ਪੇਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੇ ਮੀਟਿੰਗ ਵਿੱਚ ਦੱਸਿਆ ਕਿ ਵਿਸ਼ਵ ਬੈਕ ਨੇ ਲਾਭਪਾਤਰਾ ਦਾ ਹਿੱਸਾ ਘੱਟ ਕਰਨ ਲਈ ਰਾਜ ਸਰਕਾਰ ਦੀ ਤਜਵੀਜ ਨੂੰ ਮੰਨ ਲਿਆ ਹੈ।ਇਸ ਕਰਕੇ ਹੁਣ ਇਹ ਪ੍ਰਾਜੈਕਟ ਅਧੀਨ ਕੰਮ ਹੌਲੀ-2 ਤੇਜੀ ਪਕੜ ਰਿਹਾ ਹੈ ਅਤੇ ਹੁਣ ਤੱਕ 132 ਪਿੰਡਾ ਨੇ ਆਪਣੇ ਹਿੱਸੇ ਦੀ ਰਾਸ਼ੀ ਜਮਾਂ ਕਰਵਾ ਦਿੱਤੀ ਹੈ । ਉਨਾਂ ਨੇ ਮੀਟਿੰਗ ਵਿੱਚ ਇਹ ਵਿਸ਼ਵਾਸ ਦਵਾਇਆ ਕਿ ਜਲਦੀ ਹੀ ਵਿੱਤੀ ਅਤੇ ਭੋਤਿਕ ਪ੍ਰਾਪਤੀ ਦਾ ਟਿੱਚਾ ਪ੍ਰਾਪਤ ਕਰ ਲਿਆ ਜਾਵੇਗਾ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

## (21) ਇਨਟੇਗਰੇਟਿਡ ਚਾਈਲਡ ਡਿਵੈਲਪਮੈਟ ਸਰਵਿਸਿਜ਼ (ਆਈ ਸੀ ਡੀ ਐਸ)(50:50)

**ਮੁਢਲਾ ਬਕਾਇਆ** : 14.29 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 27.83 | 27.83 | 55.66 |
| ਪ੍ਰਾਪਤ ਰਾਸ਼ੀ | 16.75 | 13.63 | 30.38 |
| ਖਰਚਾ | 13.63 | 13.63 | 27.26 |

ਸਕੱਤਰ ਸਮਾਜਿਕ ਸੁਰੱਖਿਆ ਅਤੇ ਭਲਾਈ ਵਿਭਾਗ ਨੇ ਮੀਟਿੰਗ ਵਿੱਚ ਦੱਸਿਆ ਕਿ ਰਾਜ ਦੇ ਹਿੱਸੇ ਵਜੋ ਰਾਸ਼ੀ ਘੱਟ ਜਾਰੀ ਹੋਣ ਕਰਕੇ ਪ੍ਰਗਤੀ ਘੱਟ ਰਹੀ ਹੈ। ਇਹ ਵੀ ਦੱਸਿਆ ਗਿਆ ਕਿ ਕੁੱਝ ਜਿਲ੍ਹਿਆ ਜਿਵੇ ਮੋਹਾਲੀ, ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਵਿੱਚ ਖਜਾਨਾ ਅਫਸਰਾਂ ਵਲੋ ਬਿਲ ਕਲੀਅਰ ਨਹੀ ਕੀਤੇ ਜਾ ਰਹੇ। ਇਸ ਤੇ ਮੁੱਖ ਸਕੱਤਰ ਨੇ ਪੀ ਐਸ ਐਫ ਨੂੰ ਚੈਕ ਕਰਨ ਲਈ ਕਿਹਾ ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

## (22) ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ (ਐਨ ਐਸ ਏ ਪੀ)

**ਮੁਢਲਾ ਬਕਾਇਆ** : 0.13 ਕਰੋੜ ਰੁਪਏ

(ਰੁਪਏ ਕਰੋੜਾ ਵਿੱਚ)

| 2008-09 | ਭਾਰਤ ਸਰਕਾਰ | ਰਾਜ ਸਰਕਾਰ | ਕੁੱਲ |
|---|---|---|---|
| ਪ੍ਰਵਾਨਤ ਉਪਬੰਧ | 42.68 | 0.00 | 42.68 |
| ਪ੍ਰਾਪਤ ਰਾਸ਼ੀ | 17.96 | 0.00 | 17.96 |
| ਖਰਚਾ | 1.71 | 0.00 | 1.71 |

ਸਕੱਤਰ ਸਮਾਜਿਕ ਸੁਰੱਖਿਆ ਅਤੇ ਭਲਾਈ ਵਿਭਾਗ ਨੇ ਮੀਟਿੰਗ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਵਿੱਚ ਘੱਟ ਵਿੱਤੀ ਪ੍ਰਗਤੀ ਹੋਣ ਦਾ ਕਾਰਨ ਜਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ/ ਜਿਲ੍ਹਾ ਯੋਜਨਾ ਕਮੇਟੀਆਂ ਦੀਆਂ ਮੀਟਿੰਗਾਂ ਨਾ ਹੋਣ ਕਰਕੇ ਦੱਸਿਆ ਹੈ। ਇਸ ਤੇ ਮੁੱਖ ਸਕੱਤਰ ਨੇ ਸਕੱਤਰ ਯੋਜਨਾ ਨੂੰ ਲੋੜੀਦੇ ਕਦਮ ਉਠਾਉਣ ਲਈ

ਕਿਹਾ ਤਾਂ ਜੋ ਭਾਰਤ ਸਰਕਾਰ ਵਲੋ ਜਾਰੀ ਕੀਤੀ ਗਈ ਰਾਸ਼ੀ ਦੀ ਵਰਤੋ ਕੀਤੀ ਜਾ ਸਕੇ।

**ਮੌਜੂਦਾ ਸਥਿਤੀ** : ਸਬੰਧਤ ਵਿਭਾਗ ਵਲੋ ਘੱਟ ਪ੍ਰਗਤੀ ਨੂੰ ਭਵਿੱਖ ਵਿੱਚ ਪੂਰਾ ਕਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਗਿਆ।

ਮੀਟਿੰਗ ਦੀ ਆਖੀਰ ਵਿੱਚ ਮੁੱਖ ਸਕੱਤਰ ਨੇ ਯੋਜਨਾਬੰਦੀ ਵਿਭਾਗ ਅਤੇ ਵਿੱਤ ਵਿਭਾਗ ਨੂੰ ਇਨਾਂ ਪ੍ਰੋਗਰਾਮਾਂ ਅਧੀਨ ਭਾਰਤ ਸਰਕਾਰ ਕੋਲ ਰਹਿੰਦੀ ਬਕਾਇਆ ਰਾਸ਼ੀ, ਰਾਜ ਸਰਕਾਰ ਕੋਲ ਪਈ ਬਕਾਇਆ ਰਾਸ਼ੀ ਅਤੇ ਵਿਭਾਗਾਂ ਕੋਲ ਪਈ ਅਣਵਰਤੀ ਰਾਸ਼ੀ ਦੀ ਸੂਚੀ ਤਿਆਰ ਕਰਨ ਲਈ ਕਿਹਾ ਹੈ ਤਾਂ ਜੋ ਇਹਨਾਂ ਪ੍ਰੋਗਰਾਮਾਂ ਨੂੰ ਨਿਰਧਾਰਤ ਸਮੇ ਵਿੱਚ ਪੂਰਾ ਕੀਤਾ ਜਾ ਸਕੇ। ਇਸ ਤੇ ਮੁੱਖ ਸਕੱਤਰ ਵਿੱਤ ਨੇ ਮੀਟਿੰਗ ਵਿੱਚ ਜਾਣੂ ਕਰਵਾਇਆ ਕਿ ਉਨਾਂ ਦੇ ਵਿਭਾਗ ਵਲੋ ਪਹਿਲਾ ਹੀ ਭਾਰਤ ਸਰਕਾਰ ਵਲੋ ਜਾਰੀ ਕੀਤੀ ਗਈ ਰਾਸ਼ੀ ਦੇ ਵਿਰੁੱਧ ਬਣਦੀ ਰਾਜ ਦੇ ਹਿੱਸੇ ਦੀ ਰਾਸ਼ੀ ਜਾਰੀ ਕਰਨ ਲਈ ਸਬੰਧਤ ਪ੍ਰਬੰਧਕੀ ਸਕੱਤਰਾਂ ਨਾਲ ਮੀਟਿੰਗਾਂ ਫਿਕਸ ਕੀਤੀਆਂ ਜਾ ਚੁੱਕੀਆ ਹਨ । ਮੁੱਖ ਸਕੱਤਰ ਨੇ ਕਿਹਾ ਇਨਾਂ ਪ੍ਰੋਗਰਾਮਾਂ ਦਾ ਨੇੜੇ ਭਵਿੱਖ ਵਿੱਚ ਦੁਬਾਰਾ ਰੀਵਿਊ ਕੀਤਾ ਜਾਵੇਗਾ। ਮੀਟਿੰਗ ਵਿੱਚ ਭਾਗ ਲੈਣ ਵਾਲਿਆ ਦੀ ਸੂਚੀ ਨਾਲ ਨੱਥੀ ਹੈ।

ਮੀਟਿੰਗ ਧੰਨਵਾਦ ਦੇ ਮੱਤੇ ਨਾਲ ਸਮਾਪਤ ਹੋਈ।

ਵਿਸ਼ਾ : ਫਲੈਗਸ਼ਿਪ ਪ੍ਰੋਗਰਾਮ ਸਮੇਤ ਭਾਰਤ ਨਿਰਮਾਣ ਪ੍ਰੋਗਰਾਮ ਅਤੇ ਹੋਰ ਮਹੱਤਵਪੂਰਣ ਪ੍ਰੋਗਰਾਮਾਂ ਦਾ ਮਿਤੀ 20/11/2008 ਨੂੰ ਮੁੱਖ ਸਕੱਤਰ ਪੰਜਾਬ ਜੀ ਵਲੋਂ ਕੀਤੀ ਗਈ ਰੀਵਿਊ ਮੀਟਿੰਗ ਸਬੰਧੀ।

| ਲੜੀ ਨੰ: | ਨਾਮ ਅਤੇ ਅਹੁੱਦਾ (ਸ੍ਰੀ/ਸ੍ਰੀਮਤੀ) | ਵਿਭਾਗ |
|---|---|---|
| 1. | ਆਰ ਐਸ ਸੰਧੂ | ਵਿੱਤ ਕਮਿਸ਼ਨਰ ਵਿਕਾਸ |
| 2 | ਜੀ ਐਸ ਸੰਧੂ | ਵਿੱਤ ਕਮਿਸ਼ਨਰ, ਪੇਡੂ ਵਿਕਾਸ ਅਤੇ ਪੰਚਾਇਤਾਂ |
| 3 | ਸ ਚ ਅਗਰਵਾਲ | ਪ੍ਰਮੁੱਖ ਸਕੱਤਰ, ਵਿੱਤ |
| 4 | ਸੁਰੇਸ਼ ਕੁਮਾਰ | ਪ੍ਰਮੁੱਖ ਸਕੱਤਰ ਸਿੰਚਾਈ ਤੇ ਸ਼ਕਤੀ |
| 5 | ਡੀ ਐਸ ਬੈਸ | ਪ੍ਰਮੁੱਖ ਸਕੱਤਰ ਸਥਾਨਕ ਸਰਕਾਰਾਂ |
| 6 | ਕਰਨਬੀਰ ਸਿੰਘ ਸਿੱਧੂ | ਸਕੱਤਰ, ਸਕੂਲ ਸਿੱਖਿਆ |
| 7 | ਹਰਜੀਤ ਸਿੰਘ | ਸਕੱਤਰ, ਸਮਾਜਿਕ ਸੁਰੱਖਿਆ |
| 8 | ਸਤੀਸ਼ ਚੰਦਰਾ | ਸਕੱਤਰ, ਯੋਜਨਾ |
| 9 | ਪੀ ਐਸ ਔਜਲਾ | ਸਕੱਤਰ, ਪੇਡੂ ਜਲ ਸਪਲਾਈ ਅਤੇ ਸੈਨੀਟੇਸ਼ਨ |
| 10 | ਹਰਜੀਤ ਇੰਦਰ ਸਿੰਘ ਗਰੇਵਾਲ | ਸੰਯੁਕਤ ਕਮਿਸ਼ਨਰ ਵਿਕਾਸ |
| 11 | ਤੇਜਵੀਰ ਸਿੰਘ | ਵਿਸ਼ੇਸ ਸਕੱਤਰ, ਯੋਜਨਾ |
| 12 | ਕ੍ਰਿਸ਼ਨ ਕੁਮਾਰ | ਡਾਇਰੈਕਟਰ ਜਨਰਲ ਸਕੂਲ ਸਿੱਖਿਆ |
| 13 | ਜੀ ਰਮੇਸ਼ ਕੁਮਾਰ | ਡਾਇਰੈਕਟਰ, ਤਕਨੀਕੀ ਸਿੱਖਿਆ |
| 14 | ਰਾਖੀ ਗੁਪਤਾ ਭੰਡਾਰੀ | ਡਾਇਰੈਕਟਰ, ਸਮਾਜਿਕ ਸੁਰੱਖਿਆ |
| 15 | ਐਸ ਐਸ ਖਾਰਾ | ਵਧੀਕ ਸਕੱਤਰ ਪੀ ਡਬਲਿਯੂ ਡੀ(ਬੀ ਐਡ ਆਰ) |
| 16 | ਦਲਜੀਤ ਸਿੰਘ | ਮੁੱਖ ਇੰਜੀਨੀਅਰ ਪੀ ਆਰ ਬੀ ਡੀ ਬੀ |
| 17 | ਕੇ ਐਸ ਭਿੰਡਰ | ਮੁੱਖ ਇੰਜਨੀਅਰ, ਲੋਕ ਨਿਰਮਾਣ ਵਿਭਾਗ ਇਮਾਰਤਾਂ |
| 18 | ਚਮਨ ਲਾਲ ਵਾਸਨ | ਡਾਇਰੈਕਟਰ (ਯੋਜਨਾਬੰਦੀ ਵਿਭਾਗ) |
| 19 | ਪਰਦੀਪ ਕੁਮਾਰ ਕੌਸ਼ਲ | ਡਾਇਰੈਕਟਰ (ਯੋਜਨਾਬੰਦੀ ਵਿਭਾਗ) |
| 20 | ਹ ਸ ਢਿੱਲੋ | ਉਪ ਡਾਇਰੈਕਟਰ (ਯੋਜਨਾਬੰਦੀ ਵਿਭਾਗ) |
| 21 | ਹਰਮਿੰਦਰ ਸਿੰਘ | ਖੋਜ ਅਫਸਰ(ਯੋਜਨਾਬੰਦੀ ਵਿਭਾਗ) |
| 22 | ਗੁਰਨਾਮ ਸਿੰਘ | ਪ੍ਰੋਗਰਾਮਰ(ਯੋਜਨਾਬੰਦੀ ਵਿਭਾਗ) |